Weekly

# CANADA SIKH TIMES

18 - 24 May 2024


ਕੈਨੇਡਾ ਸਿੱਖ ਟਾਈਮਜ਼

Volume 2 Issue 20

• RELIGION • CULTURE • HERITAGE • BUSINESS

## Preserving Sikh Canadian Heritage and Culture



Canada is stronger not in spite of our diversity, but because of it. Our rich cultural fabric is full of long and celebrated histories and telling these stories both informs and builds our communities. With Budget 2024, we're preserving the past and telling the remarkable stories behind Canada's diversity.

> "The story of the Sikh community in Canada is, in fact, the story of Canada. The investments in Budget 2024 will help Sikh Canadians share their own stories, create their own spaces, and preserve their own heritage – because diversity is our greatest strength. Let's keep working together to make Canada more inclusive, more vibrant, and more welcoming for everyone."
>
> - The Rt. Hon. Justin Trudeau, Prime Minister of Canada

One of Canada's most vibrant communities is the Sikh Canadian community. Sikh Canadians have been an important part of our history for generations. In the early twentieth century, the first Sikhs arrived in British Columbia from Punjab. From the rail roads to defence, science, art, business, and politics – Sikh Canadians have made remarkable contributions to Canada and Canada's prosperity ever since. We must preserve this heritage so that future generations of Sikh Canadians – and all Canadians – know the contributions of the community throughout our history.

The Prime Minister, Justin Trudeau, today highlighted investments included in Budget 2024 to preserve Sikh Canadian heritage. We are:

* Helping create the Gallery of Global Sikh Art and Culture in the Royal Ontario Museum. With a $6 million investment, we'll be working closely with the Sikh Arts and Culture Foundation and the Royal Ontario Museum to build a space dedicated to Sikh arts, culture, and heritage.

* Supporting the completion of a short film on Canadian and Indian soldiers in the First and Second World Wars. With a $1.8 million investment, we'll be supporting the Indus Media Foundation in Surrey, British Columbia, to complete this short film. By preserving this heritage and encouraging others to learn more, we're keeping Sikh Canadian stories alive for the next generation.

Sikh Canadians have helped make Canada the country we know and love. Like so many diverse communities across the country, they work every day to make Canada even better. Alongside these investments, Budget 2024 is also about building more homes, improving health care, cracking down on auto theft, and investing in our economy – to make sure every Canadian has a fair chance to succeed. ◆◆



# ਸੁਰਗ-ਨਰਕ, ਬਹਿਸ਼ਤ-ਦੋਜਖ

- ਮਮਤਾ ਕੌਰ, ਹਾਜ਼ੀਬਰਗ

ਮਰਨ ਤੋਂ ਪਿੱਛੋਂ ਕੀ ਹੁੰਦਾ ਹੈ? ਇਹ ਪ੍ਰਸ਼ਨ ਬੜੇ ਮਹੱਤਵ ਦਾ ਹੈ। ਇਸ ਦਾ ਸੌਖਾ ਉੱਤਰ ਉਹ ਆਦਮੀ ਦੇ ਸਕਦਾ ਹੈ, ਜੋ ਪਰਲੋਕ ਵਿੱਚੋਂ ਹੋ ਆਵੇ। ਪਰ ਅੱਜ ਤੀਕ ਉਥੋਂ ਕੋਈ ਵਾਪਸ ਨਹੀਂ ਆਇਆ। ਗੁਰੂ ਸਾਹਿਬ ਨੇ ਆਤਮਿਕ ਅਨੁਭਵ ਦੁਆਰਾ ਇਸ ਦਾ ਨਿਰਣਾ ਕੀਤਾ ਹੈ। ਜਿਸ ਤਰ੍ਹਾਂ ਆਤਮਾ ਤੇ ਮੁਕਤੀ ਸਬੰਧੀ ਭਿੰਨ ਭਿੰਨ ਖਿਆਲ ਹਨ ਇਸੇ ਤਰ੍ਹਾਂ 'ਮਰਨ ਤੋਂ ਪਿੱਛੋਂ ਕੀ ਹੁੰਦਾ ਹੈ ,'ਇਸ ਸਬੰਧੀ ਵੱਖੋ ਵੱਖਰੇ ਮਤ ਹਨ। ਕਰਮ ਫ਼ਿਲਾਸਫ਼ੀ ਨੂੰ ਮੰਨਣ ਵਾਲੇ ਮਰਨ ਤੋਂ ਪਿੱਛੋਂ ਆਵਾਗਾਉਣ ਮੰਨਦੇ ਹਨ। ਹਿੰਦੁਸਤਾਨ ਦੇ ਪੁਰਾਣੇ ਹਿੰਦੂ ਮੱਤ ਵਿੱਚ ਸ਼ਿਵ ਲੋਕ, ਬ੍ਰਹਮ ਲੋਕ,ਇੰਦਰਪੁਰੀ ਤੇ ਸਵਰਗ ਆਦਿਕ ਟਿਕਾਣੇ ਮੰਨੇ ਹਨ, ਜਿੱਥੇ ਜੀਵ ਕਰਮਾਂ ਅਨੁਸਾਰ ਜਾ ਕੇ ਟਿਕਦੇ ਹਨ।

ਇਬਰਾਨੀ ਮਤਾਂ ਵਿੱਚੋਂ ਇਸਾਈ ਮੱਤ ਦਾ ਨਿਸ਼ਚਾ ਹੈ ਕਿ ਮਨ ਪਿੱਛੋਂ ਮਨੁੱਖ ਛੇਤੀ ਨਰਕ ਜਾਂ ਸਵਰਗ ਵਿੱਚ ਨਹੀਂ ਜਾਂਦਾ। ਇੱਕ ਵਿੱਚਕਾਰਲਾ ਮੰਡਲ ਹੈ, ਜਿਸ ਨੂੰ ਹੇਡਜ ਲਾਈਫ ਕਹਿੰਦੇ ਹਨ, ਜੀਵਾਤਮਾ ਉੱਥੇ ਰਹਿੰਦਾ ਹੈ। ਇਸ ਮੰਡਲ ਵਿੱਚ ਜੀਵ ਉੱਤੇ ਈਸਾ ਦਾ, ਆਤਮਿਕ ਉੱਚਤਾ ਤੇ ਚਰਚ ਦਾ ਅਸਰ ਕਾਇਮ ਰਹਿੰਦਾ ਹੈ। ਇਸ ਦਸ਼ਾ ਵਿੱਚ ਵੀ ਜੀਵ ਸਵਰਗ ਵਿੱਚ ਜਾ ਸਕਦਾ ਹੈ, ਕਿਉਂਕਿ ਜੀਵ ਦਾ ਨਰਕ ਵਿੱਚ ਰਹਿਣਾ ਰੱਬ ਦੀ ਮਰਜ਼ੀ ਦੇ ਵਿਰੁੱਧ ਹੈ।

ਇਸਲਾਮ ਦਾ ਨਿਸਚਾ ਹੈ- 'ਸਭ ਰੂਹਾਂ ਨੂੰ ਰੱਬ ਨੇ ਦੁਨੀਆਂ ਪੈਦਾ ਕਰਨ ਵੇਲੇ ਬਣਾ ਦਿੱਤਾ। ਉਹ ਆਪਣੀ ਮਰਜ਼ੀ ਅਨੁਸਾਰ ਇਹਨਾਂ ਨੂੰ ਭਿੰਨ ਭਿੰਨ ਸਰੀਰਾਂ ਵਿੱਚ ਪਾ ਦਿੰਦਾ ਹੈ। ਮਰਨ ਤੋਂ ਪਿੱਛੋਂ ਕਿਆਮਤ ਵਾਲੇ ਦਿਨ ਰੱਬ ਨੇ ਰੂਹਾਂ ਨੂੰ ਉਠਾਉਣਾ ਹੈ। ਫਿਰ ਅਮਲਾਂ ਦਾ ਹਿਸਾਬ ਹੋਵੇਗਾ। ਕਿਆਮਤ ਤੋਂ ਪਹਿਲੇ ਦਾ ਸਮਾਂ ਰੂਹਾਂ 'ਆਲਮੇ ਬਰਜ਼ਖ' ਵਿੱਚ ਰਹਿੰਦੀਆਂ ਹਨ। (ਜ਼ਮੀਨ ਤੇ ਆਸਮਾਨ ਦੇ ਵਿਚਕਾਰ) ਜਿਹੜੀਆਂ ਰੂਹਾਂ ਨੇ ਖੁਦਾ ਤੇ ਰਸੂਲ ਉੱਤੇ ਇਮਾਨ ਲਿਆਂਦਾ ਹੋਵੇਗਾ, ਉਹ ਬਹਿਸ਼ਤ ਵਿੱਚ ਭੇਜੀਆਂ ਜਾਣਗੀਆਂ ਕੇ ਬਾਕੀ ਦੀਆਂ ਦੋਜ਼ਖ਼ ਅੱਗ ਵਿੱਚ ਸੜਨਗੀਆਂ।'

ਪੌਰਾਣਿਕ ਹਿੰਦੂ ਮੱਤ ਨੇ ਸਵਰਗ ਤੇ ਨਰਕ ਦਾ ਬਹੁਤ ਵਰਣਨ ਕੀਤਾ ਹੈ। ਸ਼ੁਭ ਕਰਮ ਲਈ ਸਵਰਗ ਤੇ ਕੁਕਰਮ ਦਾ ਸਿੱਟਾ ਨਰਕ ਦੱਸਿਆ ਹੈ। ਵੱਖੋ ਵੱਖ ਨਰਕਾਂ ਦੀ ਗਿਣਤੀ ਭਿੰਨ ਭਿੰਨ ਦੱਸੀ ਹੈ। ਮੰਨੂ ਨੇ ਆਪਣੀ ਸਿਮ੍ਰਿਤੀ ਵਿੱਚ 21 ਨਰਕਾਂ ਦਾ ਜ਼ਿਕਰ ਕੀਤਾ ਹੈ ਪਰ ਬ੍ਰਹਮ ਵੈਵਰਤ ਦੇ ਪ੍ਰਕ੍ਰਿਤੀ ਖੰਡ ਅਧਿਆਇ 27 ਵਿੱਚ 86 ਨਰਕ ਲਿਖੇ ਹਨ। ਇਨਾ ਲਿਖਤਾਂ ਅਨੁਸਾਰ ਨਰਕ ਉਹ ਦੇਸ਼ ਹੈ ਜਿੱਥੇ ਪਾਪੀ ਜੀਵ ਕੁਕਰਮਾਂ ਦਾ ਫਲ ਭੁਗਤਣ ਲਈ ਭੇਜੇ ਜਾਂਦੇ ਹਨ।

ਸਵਰਗ ਲੋਕ ਨੂੰ ਦੇਵ ਲੋਕ ਵੀ ਆਖਦੇ ਹਨ। ਇਸ ਦੀਆਂ ਅੱਗੋਂ ਕਈ ਪੁਰੀਆਂ ਮੰਨੀਆਂ ਗਈਆਂ ਹਨ ,ਪਰ ਇੰਦਰਪੁਰੀ, ਬ੍ਰਹਮਪੁਰੀ, ਅਤੇ ਸ਼ਿਵਪੁਰੀ ਦਾ ਜ਼ਿਕਰ ਆਮ ਤੌਰ ਤੇ ਆਉਂਦਾ ਹੈ। ਗੁਰਬਾਣੀ ਇਹਨਾਂ ਪੁਰੀਆਂ ਨੂੰ ਤ੍ਰੈ ਗੁਣੀ ਮਾਇਆ ਵਾਲਾ ਧੋਖਾ, ਜੰਜਾਲ, ਤੇ ਨਾਸ਼ਵੰਤ ਮਨਦੀ ਹੈ।

ਇਸਲਾਮ ਨੇ ਸਵਰਗ ਤੇ ਨਰਕ ਦੇ ਮੁਕਾਬਲੇ ਤੇ ਬਹਿਸ਼ਤ ਤੇ ਦੋਜਖ ਮੰਨੇ ਹਨ। ਇਸਲਾਮ ਮੱਤ ਅਨੁਸਾਰ ਮੋਮਨਾਂ ਨੂੰ ਕਿਆਮਤ ਤੋਂ ਪਿੱਛੋਂ ਖੁਦਾ ਦੇ ਹੁਕਮ ਨਾਲ ਖਲਦ (ਜ਼ਨਤ) ਨਸੀਬ ਹੋਣੀ ਹੈ ਜਿਸ ਦੀ ਸਰਜ਼ਮੀਨ ਹਰਿਆਵਲ ਨਾਲ ਢੱਕੀ ਹੋਵੇਗੀ। ਉੱਥੇ ਸ਼ਹਿਦ ਦੀਆਂ ਨਦੀਆਂ ਵੱਗ ਰਹੀਆਂ ਹੋਣਗੀਆਂ। ਖਜ਼ੂਰ ਆਦਿ ਰਸਦਾਇਕ ਮੇਵੇ ਜੀਅ ਭਰਵੇਂ ਮਿਲਣਗੇ। ਤਹੂਰਾ ਨਾਂ ਦੀ ਸ਼ਰਾਬ ਪਿਆਲੇ ਭਰ ਭਰ ਮਿਲੇਗੀ ਤੇ ਗਿਲਮਾਨ (ਲੌਂਡੇ) ਤੇ ਹੂਰਾਂ ਸੇਵਾ ਵਿੱਚ ਤੱਤਪਰ ਰਹਿਣਗੀਆਂ

ਗੁਰੂ ਸਾਹਿਬ ਨੇ ਸਿੱਖ ਨੂੰ ਸਵਰਗ ਦਾ ਕੋਈ ਲਾਲਚ ਅਤੇ ਨਰਕ ਦਾ ਕੋਈ ਭੈ ਨਹੀਂ ਦਿੱਤਾ। ਸਿੱਖ ਧਰਮ ਵਿੱਚ ਸਵਰਗ ਤੇ ਨਰਕ ਲਈ ਕੋਈ ਥਾਂ ਨਹੀਂ। ਗੁਰਮਤਿ ਸਵਰਗ ਤੇ ਨਰਕ ਦੋਵਾਂ ਨੂੰ 'ਬੰਧਨ' ਮੰਨਦੀ ਹੈ। ਗੁਰਮਤਿ, ਜੀਵਨ ਦਾ ਨਿਸ਼ਾਨਾ ਵਾਹਿਗੁਰੂ ਨਾਲ ਅਭੇਦਤਾ ਹਾਸਲ ਕਰਨੀ ਮੰਨਦੀ ਹੈ।

ਗੁਰਮਤਿ ਅਨੁਸਾਰ ਮਰਨ ਤੋਂ ਪਿੱਛੋਂ ਦੀ ਹਾਲਤ ਦੋ ਤਰ੍ਹਾਂ ਦੀ ਹੈ। ਕੁਕਰਮਾਂ ਦੇ ਚੰਗੇ ਮੰਦੇ ਫਲ ਭੋਗਣ ਵਾਲਿਆਂ ਲਈ ਤਾਂ ਆਵਾਗਵਨ ਹੈ ਅਤੇ ਮੁਕਤ ਆਤਮਾਵਾਂ ਲਈ ਸੱਚਖੰਡ ਦਾ ਵਾਸਾ ਹੈ। ਬ੍ਰਹਮ ਨਾਲ ਅਭੇਦਤਾ ਹੈ। ਅਕਾਲ ਪੁਰਖ ਦੇ ਚਰਨਾਂ ਦਾ ਨਿਵਾਸ ਹੈ। ਇਹ ਦੱਸਿਆ ਜਾ ਚੁੱਕਾ ਹੈ ਕਿ ਸਾਡੇ ਜੀਵਤ ਭਾਵ ਦਾ ਕਾਰਨ ਹਉਮੈ ਹੈ। ਜਿੰਨਾ ਚਿਰ ਜੀਵ ਆਪਣੇ ਕਰਮ ਮੈਂ, ਮੇਰੀ, ਹਉਂ ਆਦਿ ਦੇ ਭਾਵ ਨਾਲ ਕਰਦਾ ਰਹੇਗਾ, ਉਤਨਾ ਚਿਰ ਇਹ ਹਉਮੈ ਕਾਇਮ ਰਹਿੰਦੀ ਹੈ। ਜੇ ਸਾਰੇ ਕਰਮ ਪਰਮਾਤਮਾ ਨੂੰ ਸੌਂਪ ਦਿੱਤੇ ਜਾਣ, ਭਾਵ ਅਕਾਲ ਪੁਰਖ ਦੇ ਭਾਣੇ ਦੇ ਅੰਦਰ ਕੀਤੇ ਜਾਣ ਤੇ ਉਸ ਦੀ ਰਜ਼ਾ ਵਿੱਚ ਜੀਵਨ ਬਿਤਾਇਆ ਜਾਵੇ ਤਾਂ ਹਉਮੈ ਕੱਟੀ ਜਾਂਦੀ ਹੈ ਤੇ ਕਰਮਾਂ ਦੇ ਆਸਰੇ ਬੱਝਾ 84 ਦਾ ਚੱਕਰ ਖਤਮ ਹੋ ਜਾਂਦਾ ਹੈ। ਨਹੀਂ ਤਾਂ ਇਹ 84 ਦਾ ਗੇੜ ਜਾਰੀ ਰਹਿੰਦਾ ਹੈ ਤੇ ਹਉਮੈ ਦੇ ਚੱਕਰ ਵਿੱਚ ਫਸਿਆ ਜੀਵ ਭੌਂਦਾ ਰਹਿੰਦਾ ਹੈ।

ਭਿਸਤ- ਦੋਜ਼ਖ਼, ਨਰਕ- ਸੁਰਗ, ਜਿੱਥੇ ਜਾ ਕੇ ਜੀਵ ਆਪਣੇ ਕਰਮਾਂ ਦਾ ਫਲ ਭੋਗਣਗੇ, ਅਰਥਾਤ ਸੁਰਗਾਂ ਵਿੱਚ ਆਨੰਦ ਲੈਣਗੇ ਤੇ ਨਰਕਾਂ ਵਿੱਚ ਕੋਹਲੂ ਪੀੜੇ ਜਾਣਗੇ, ਅਜਿਹੀਆਂ ਮੌਜਾਂ, ਜਾਂ ਦੁੱਖਾਂ ਦੀਆਂ ਥਾਵਾਂ ਗੁਰਮਤਿ ਅਨੁਸਾਰ ਕੋਈ ਨਹੀਂ ਹਨ। ਗੁਰਬਾਣੀ ਵਿੱਚ ਜਿੱਥੇ ਕਿਧਰੇ ਵੀ ਆਵਾਗਵਨ ਦਾ ਜ਼ਿਕਰ ਆਇਆ ਹੈ, ਉੱਥੇ ਨਰਕ ਸੁਰਗ ਦਾ ਕਦੀ ਨਹੀਂ ਆਇਆ। ਨਰਕ ਸੁਰਗ ਦੇ ਖਿਆਲ ਗੁਰਬਾਣੀ ਵਿੱਚ ਕਈ ਥਾਈ ਆਏ ਹਨ, ਪਰ ਉਹ ਜਾਂ ਤਾਂ ਦੂਜੇ ਮਤਾਂ ਦੇ ਨਿਸ਼ਚਿਆਂ ਵੱਲ ਇਸ਼ਾਰੇ ਹਨ ਤੇ ਜਾਂ ਜਦ ਗੁਰੂ ਸਾਹਿਬ ਅਨਮਤਾਂ ਵਾਲਿਆਂ ਨੂੰ ਮੁਖਾਤਬ ਹੋ ਕੇ ਉਪਦੇਸ਼ ਕਰਦੇ ਹਨ ਤਾਂ ਉਹਨਾਂ ਦੇ ਨਿਸ਼ਚੇ ਅਨੁਸਾਰ ਹੀ ਸਿੱਖਿਆ ਦੇਂਦੇ ਸਨ। ਉਹਨਾਂ ਨੂੰ ਸਮਝਾਉਣ ਲਈ ਇਹਨਾਂ ਸ਼ਬਦਾਂ ਦੀ ਵਰਤੋਂ ਕੀਤੀ ਹੈ। ਅਕਾਲ ਪੁਰਖ ਨਾਲ ਅਭੇਦਤਾ ਪ੍ਰਾਪਤ ਕਰਕੇ ਉਸ ਵਿੱਚ ਲੀਨ ਹੋ ਜਾਣਾ ਸਿੱਖੀ ਦਾ ਸਵਰਗ ਹੈ ਤੇ ਆਵਾਗਵਨ ਦੇ ਚੱਕਰ ਵਿੱਚ ਪੈ ਕੇ ਮੁੜ ਮੁੜ ਜੂੰਨਾਂ ਵਿੱਚ ਪੈਣ ਨੂੰ ਗੁਰਮਤਿ ਨਰਕ ਮੰਨਦੀ ਹੈ। ਕਿਸੇ ਕਿਸੇ ਥਾਂ ਗੁਰੂ ਸਾਹਿਬ ਨੇ ਅਲੰਕਾਰ ਦੇ ਤੌਰ ਉੱਤੇ ਵੀ ਨਰਕ ਸੁਰਗ ਦੇ ਸ਼ਬਦ ਵਰਤੇ ਹਨ। ਭਾਵ ਇਹ ਕਿ ਇਸ ਦੁਨੀਆਂ ਵਿੱਚ ਜੀਵਨ ਦੀਆਂ ਚੰਗੀਆਂ ਮੰਦੀਆਂ ਹਾਲਤਾਂ ਨੂੰ ਦ੍ਰਿੜਾਉਣ ਵਾਸਤੇ। ਜਿਵੇਂ

**ਬੈਕੁੰਠ ਨਗਰੁ ਜਹਾ ਸੰਤ ਵਾਸਾ॥**
**ਪ੍ਰਭ ਚਰਣ ਕਮਲ, ਰਿਦ ਮਾਹਿ ਨਿਵਾਸਾ॥** (ਅੰਗ ੭੪੨)

**ਤਾਹਾ ਬੈਕੁੰਠ ਜਹ ਕੀਰਤਨ ਤੇਰਾ ਤੂੰ ਆਪੇ ਸਰਧਾ ਲਾਇਹਿ॥** (ਅੰਗ ੭੪੯)
**ਤਹ ਬੈਕੁੰਠ, ਜਹ ਨਾਮੁ ਉਚਰਹਿ॥** (ਅੰਗ ੮੯੦)

ਸਵਰਗ ਦੇ ਅੱਖਰੀ ਅਰਥ ਹਨ ਸਵੈ (ਆਪਣਾ) ਅਰਗ (ਘਰ) ਸਵਰਗ- ਆਪਣਾ ਘਰ, ਭਾਵ ਆਪਣੇ ਅਸਲ ਟਿਕਾਣੇ ਤੇ ਪਹੁੰਚਣਾ। ਆਪਣੇ ਅਸਲ ਰੂਪ ਦੀ ਪਹਿਚਾਣ ਕਰਨੀ। ਜੀਵ ਦਾ ਅਸਲ ਟਿਕਾਣਾ ਅਕਾਲ ਪੁਰਖ ਹੀ ਹੈ ਜਿਸ ਤੋਂ ਇਹ ਵਿਛੜਿਆ ਹੈ, ਜਿਸ ਤੋਂ ਇਹ ਪੈਦਾ ਹੋਇਆ ਹੈ, ਉਸ ਪ੍ਰਭੂ ਵਿੱਚ ਹੀ ਸਮਾ ਜਾਣਾ ਸਿੱਖੀ ਦਾ ਸਵਰਗ ਹੈ।

(ਬਾਕੀ ਅਗਲੀ ਵਾਰੀ)

# HERITAGE

## ਜਸਦੀਪ ਸਿੰਘ ਜੱਸੀ 'ਡਾਕਟਰੇਟ ਇਨ ਹਿਉਮੇਨ ਲੈਟਰਸ' ਦੀ ਡਿਗਰੀ ਨਾਲ ਸਨਮਾਨਿਤ



ਅਮਰੀਕੀ ਮੀਡੀਆ ਵਿੱਚ ਸਿੱਖ ਭਾਈਚਾਰੇ ਲਈ ਇਕ ਬਹੁਤ ਹੀ ਮਾਣ ਅਤੇ ਖੁਸ਼ੀ ਵਾਲੀ ਖ਼ਬਰ ਪ੍ਰਕਾਸ਼ਿਤ ਹੋ ਰਹੀ ਹੈ। ਜਿਸ ਵਿਚ ਉੱਘੇ ਸਮਾਜਸੇਵੀ ਅਤੇ ਸਿੱਖੀ ਦਾ ਝੰਡਾ ਸਮੁੱਚੀ ਦੁਨੀਆ ਵਿੱਚ ਬੁਲੰਦ ਕਰਨ ਲਈ ਕਾਰਜਸ਼ੀਲ ਰਹਿਣ ਵਾਲੇ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਸ. ਜਸਦੀਪ ਸਿੰਘ ਜੱਸੀ ਨੂੰ ਵਾਸ਼ਿੰਗਟਨ ਅਡਵੈਂਟਿਸਟ ਯੂਨੀਵਰਸਿਟੀ ਨੇ 'ਡਾਕਟਰੇਟ ਇਨਹਿਊਮੈਨ ਲੈਟਰਸ' ਦੀ ਡਿਗਰੀ ਪ੍ਰਦਾਨ ਕੀਤੀ ਹੈ। ਇੱਥੇ ਦੱਸਣਯੋਗ ਹੈ ਕਿ ਸ. ਜਸਦੀਪ ਸਿੰਘ ਜੱਸੀ ਮੈਰੀਲੈਂਡ ਗਵਰਨਰਸ ਕਮਿਸ਼ਨ ਆਨ ਸਾਊਥ ਏਸ਼ੀਅਨ ਅਮੈਰਿਕਨ ਅਫੇਅਰਸ ਦੇ ਚੈਅਰਮੈਨ ਵਜੋਂ ਵੀ ਲੰਮਾ ਸਮਾਂ ਸੇਵਾਵਾਂ ਨਿਭਾ ਚੁੱਕੇ ਹਨ।

## ਕੈਨੇਡਾ ਪ੍ਰਤੀ ਭਾਰਤੀ ਵਿਦਿਆਰਥੀਆਂ ਦਾ ਘਟਿਆ ਰੁਝਾਨ

ਭਾਰਤੀਆਂ ਲਈ ਸਿੱਖਿਆ ਦੇ ਸਥਾਨ ਵਜੋਂ ਕੈਨੇਡਾ ਦਾ ਆਕਰਸ਼ਣ ਘੱਟਦਾ ਜਾ ਰਿਹਾ ਹੈ। ਕੈਨੇਡਾ ਸਰਕਾਰ ਵੱਲੋਂ 2024 ਵਿੱਚ ਆਪਣੀਆਂ ਯੂਨੀਵਰਸਿਟੀਆਂ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸੰਖਿਆ ਵਿੱਚ 35% ਦੀ ਕਟੌਤੀ ਤੋਂ ਬਾਅਦ, ਵਿਦਿਆਰਥੀ ਉੱਥੇ ਅਪਲਾਈ ਕਰਨ ਤੋਂ ਘਬਰਾ ਰਹੇ ਹਨ। ਨਾਲ ਹੀ ਕੈਨੇਡੀਅਨ ਯੂਨੀਵਰਸਿਟੀਆਂ ਵਿੱਚ ਅਪਲਾਈ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਇਸ ਸਾਲ 40-45% ਦੀ ਕਮੀ ਆਈ ਹੈ। ਹੋਰ ਕਾਰਕ ਵੀ ਭੂਮਿਕਾ ਨਿਭਾ ਰਹੇ ਹਨ। ਪਿਛਲੇ ਸਾਲ ਤੋਂ ਕੈਨੇਡਾ ਨੂੰ ਹਾਊਸਿੰਗ ਡਿਮਾਂਡ-ਸਪਲਾਈ ਦੇ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ ਜਿੱਥੇ ਵੱਡੀ ਗਿਣਤੀ ਵਿੱਚ ਆਉਣ ਵਾਲੇ ਵਿਦਿਆਰਥੀਆਂ ਲਈ ਲੋੜੀਂਦੇ ਰਿਹਾਇਸ਼ੀ ਵਿਕਲਪ ਉਪਲਬਧ ਨਹੀਂ ਸਨ। ਨਾਲ ਹੀ ਪਿਛਲੇ ਇੱਕ ਸਾਲ ਵਿੱਚ ਵਿਦਿਆਰਥੀਆਂ ਅਤੇ ਨੌਜਵਾਨ ਪੇਸ਼ੇਵਰਾਂ ਲਈ ਉਪਲਬਧ ਨੌਕਰੀਆਂ ਵੀ ਇੱਕ ਵੱਡੀ ਚੁਣੌਤੀ ਰਹੀ ਹੈ। ਸਲਾਹਕਾਰਾਂ ਨੇ ਕਿਹਾ ਹੈ ਕਿ ਉੱਚ ਸਿੱਖਿਆ 'ਤੇ ਸੰਕਟ ਦੇ ਬੱਦਲ ਬਣੇ ਰਹਿਣਗੇ ਅਤੇ ਇਹ ਗਿਰਾਵਟ ਅਕਤੂਬਰ 2025 ਤੱਕ ਹੋਣ ਵਾਲੀਆਂ ਕੈਨੇਡੀਅਨ ਚੋਣਾਂ ਤੱਕ ਜਾਰੀ ਰਹੇਗੀ।

## ਕੈਨੇਡਾ ਨੇ ਛੋਟੇ ਬੱਚਿਆਂ ਲਈ ਖੋਲ੍ਹਿਆ Schooling Visa, ਨਾਲ ਜਾ ਸਕਣਗੇ ਮਾਪੇ

ਕੈਨੇਡਾ ਦੇ ਮਾਈਨਰ ਸਟੱਡੀ ਵੀਜ਼ਾ ਦੇ ਤਹਿਤ ਹੁਣ 4 ਤੋਂ 17 ਸਾਲ ਦੇ ਵਿਦਿਆਰਥੀ ਜਮਾਤ ਪਹਿਲੀ ਤੋਂ ਲੈ ਕੇ ਬਾਰ੍ਹਵੀਂ ਤੱਕ ਦੀ ਪੜ੍ਹਾਈ ਕੈਨੇਡਾ ਦੇ ਸਕੂਲ ਵਿੱਚ ਜਾ ਕੇ ਕਰ ਸਕਦੇ ਹਨ। ਇਸ ਵੀਜ਼ੇ ਰਾਹੀਂ ਮਾਤਾ ਪਿਤਾ ਵੀ ਗਾਰਡੀਅਨ ਬਣ ਕੇ ਨਾਲ ਜਾ ਸਕਦੇ ਹਨ। ਜੇਕਰ ਮਾਤਾ-ਪਿਤਾ ਨਾਲ ਨਹੀਂ ਜਾਣਾ ਚਾਹੁੰਦੇ ਤਾਂ ਸਕੂਲ ਬੱਚੇ ਦੀ ਕਸਟੱਡੀ ਲੈ ਲੈਂਦਾ ਹੈ। ਮਾਤਾ-ਪਿਤਾ ਜੇਕਰ ਕੈਨੇਡਾ ਪਹੁੰਚ ਕੇ ਆਪਣਾ ਵੀਜ਼ਾ ਵਰਕ ਵਿੱਚ ਬਦਲਵਾ ਲੈਂਦੇ ਹਨ ਤਾਂ ਬੱਚੇ ਦੀ ਪੜ੍ਹਾਈ ਮੁਫਤ ਹੋ ਸਕਦੀ ਹੈ।

## ਗੁਰਦਾਸਪੁਰ ਦੇ ਨੌਜਵਾਨ ਨੇ ਕੈਨੇਡਾ ਪੁਲਸ 'ਚ ਅਫਸਰ ਬਣ ਪੰਜਾਬ ਦਾ ਨਾਮ ਕੀਤਾ ਰੋਸ਼ਨ



ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪਿੰਡ ਸੱਦਾ ਦੇ ਜੰਮਪਲ ਮਨਪ੍ਰੀਤ ਸਿੰਘ ਮਾਨ ਵੱਲੋਂ ਕੈਨੇਡਾ ਪੁਲਸ ਵਿੱਚ ਅਫਸਰ ਬਣ ਕੇ ਪੂਰੇ ਭਾਰਤ ਸਮੇਤ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ। ਮਨਪ੍ਰੀਤ ਸਿੰਘ ਮਾਨ ਚੰਡੀਗੜ੍ਹ ਤੋਂ ਬੀਟੈਕ ਅਤੇ ਆਈ.ਆਈ.ਟੀ ਦਿੱਲੀ ਤੋਂ ਐਮ.ਬੀ.ਏ ਕਰਨ ਉਪਰੰਤ ਭਾਰਤ ਪੈਟਰੋਲੀਅਮ ਵਿੱਚ ਕਰੀਬ 15 ਸਾਲ ਅਫਸਰ ਵਜੋਂ ਸੇਵਾ ਨਿਭਾਉਣ ਉਪਰੰਤ ਸੰਨ 2018 ਵਿੱਚ ਪੂਰੇ ਪਰਿਵਾਰ ਸਮੇਤ ਪੱਕੇ ਤੌਰ 'ਤੇ ਕੈਨੇਡਾ ਚੱਲਿਆ ਗਿਆ ਸੀ। ਉਥੇ ਜਾ ਕੇ ਉਸ ਵੱਲੋਂ ਸਖ਼ਤ ਮਿਹਨਤ ਕਰਨ ਉਪਰੰਤ ਕੈਨੇਡਾ ਪੁਲਸ ਵਿੱਚ ਅਫਸਰ ਦਾ ਟੈਸਟ ਦਿੱਤਾ ਗਿਆ, ਜਿਸ ਵਿੱਚ ਉਸ ਨੂੰ ਸਫਲਤਾ ਮਿਲੀ। ਇਸ ਉਪਰੰਤ ਉਹ ਇੱਕ ਅਫਸਰ ਵਜੋਂ ਚੁਣਿਆ ਗਿਆ। ਅੱਜ ਸਮੁੱਚੇ ਪੰਜਾਬ ਵੱਲੋਂ ਪਰਿਵਾਰ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਆਨੰਦ ਕਾਰਜ ਸਮੇ ਗਾਇਨ ਕੀਤੇ ਜਾਂਦੇ ਲਾਵਾਂ ਦੇ ਪਾਠ ਵਿਚ 'ਪਰਵਿਰਤੀ' ਸ਼ਬਦ ਕਿਹੜੀ ਲਾਵ ਵਿਚ ਆਉਂਦਾ?**

a. ਪਹਿਲੀ b. ਦੂਜੀ
c. ਤੀਜੀ d. ਚੌਥੀ

**2. ਆਨੰਦ ਕਾਰਜ ਸਮੇ ਗਾਇਨ ਕੀਤੇ ਜਾਂਦੇ ਲਾਵਾਂ ਦੇ ਪਾਠ ਵਿਚ 'ਨਿਰਮਲ ਭਉ' ਸ਼ਬਦ ਕਿਹੜੀ ਲਾਵ ਵਿਚ ਆਉਂਦੇ ਹਨ?**

a. ਪਹਿਲੀ b. ਦੂਜੀ
c. ਤੀਜੀ d. ਚੌਥੀ

**3. ਆਨੰਦ ਕਾਰਜ ਸਮੇ ਗਾਇਨ ਕੀਤੇ ਜਾਂਦੇ ਲਾਵਾਂ ਦੇ ਪਾਠ ਵਿਚ 'ਮਨਿ ਚਾਉ' ਸ਼ਬਦ ਕਿਹੜੀ ਲਾਵ ਵਿਚ ਆਉਂਦਾ?**

a. ਪਹਿਲੀ b. ਦੂਜੀ
c. ਤੀਜੀ d. ਚੌਥੀ

**4. ਆਨੰਦ ਕਾਰਜ ਸਮੇ ਗਾਇਨ ਕੀਤੇ ਜਾਂਦੇ ਲਾਵਾਂ ਦੇ ਪਾਠ ਵਿਚ 'ਮਨਿ ਸਹਿਜੁ' ਸ਼ਬਦ ਕਿਹੜੀ ਲਾਵ ਵਿਚ ਆਉਂਦੇ ਹਨ?**

a. ਪਹਿਲੀ b. ਦੂਜੀ
c. ਤੀਜੀ d. ਚੌਥੀ

**5. ਗੁਰਬਾਣੀ ਵਿੱਚ ਆਏ 'ਕੂੜੁ' ਸ਼ਬਦ ਦੇ ਕੀ ਅਰਥ ਹਨ?**

a. ਝੂਠ b. ਨਾਸ਼ਵਾਨ
c. ਥੋੜ੍ਹ ਚਿਰੀ d. ਇਹ ਸਾਰੇ ਹੀ

(ਦੇਖੋ ਉੱਤਰ ਪੰਨਾ 4 'ਤੇ)

## CAREER COUNSELLING

# Negotiation Skills

Narinder Pal Singh



Negotiation is one of the hardest skills to learn, regardless of whether you are self-employed or working employee. Few tips which can help everyone to get the right deal from the client!

1. **Know Your Worth** - Before even entering a negotiation with a potential, research and determine your market value. Consider factors such as your experience, skill set and expertise. Just because you are newbie freelancer doesn't mean you already don't have the required skills - you might have picked up the skills at your previous job for instance.
2. **Define Your Scope of Work** - Clearly define the scope of work you'll be providing to the client. Include the deliverables, timelines, and any other specifics related to the project. This is extremely important when you freelance because a lot of clients try and blur the lines between a freelancer and a full time employee. Negotiate the price for the services and what extra charges would come in if the scope were to expand.
3. **Communicate Clearly** - Effective communication is essential when negotiating. Be clear and concise in your communication, and make sure you fully understand the client's needs and expectations. The better you understand what drives them to take a decision the better you will be able to negotiate the price.

For instance: If you think that for a client, time is of essence by speeding up the output you can negotiate a better deal.

**NEGOTIATION IS LIKE ANY OTHER SKILL WHICH CAN BE ACQUIRED OVER A PERIOD OF TIME. JUST TRY TO GET BETTER WITH EVERY NEW DEAL.**

◆◆◆◆◆

## Hundreds of Indian Students in Canada Face Deportation




In Prince Edward Island, a province in Canada, hundreds of Indian students are facing deportation after it changed its provincial immigration rules. Around 300 students are protesting and have threatened to go on a hunger strike if the Canadian province doesn't review its latest immigration policy. Hundreds of Indian students in Prince Edward Island, Canada, are facing deportation due to a sudden change in provincial immigration rules. They are protesting and have threatened to go on a hunger strike if the recent changes to the immigration policy aren't reviewed.

## SIKH MATRIMONIALS

Gursikh Boy 37/5'10"/BTECH from BITS Pilani MS from Chicago Working in New York with a Bank as VP On H1B Visa / Legally Divorced Contact +91 98105 44556

Gursikh Boy 42/5'10" /MBA, working as Manager in Bank / Surrey, Canada/ Contact +1 6043648829

Gursikh girl 28/5'7"/MBA/PGD NIAGARA COLLEGE, TORONTO/Working on Study Permit/ Contact+91 99888 76028

Gursikh BDS girl doing job as Dental Surgeon 24/ 4'9" seeking match from Abroad/ India. Elder sister married in USA. Contact Mother +91 7404161609

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. A 2. B 3. C 4. D 5. D

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555